**ਸਰਕਾਰ ਇਸ ਮਹਾਂਮਾਰੀ ਦੌਰਾਨ ਵੀਜ਼ਿਆਂ ਦੇ ਪ੍ਰਬੰਧਾਂ ਦੀ ਲਗਾਤਾਰ ਸਮੀਖਿਆ ਕਰ ਰਹੀ ਹੈ। ਇਸ ਸਫੇ ਨੂੰ ਬਕਾਇਦਾ ਨਵਿਆਇਆ (ਅੱਪਡੇਟ ਕੀਤਾ) ਜਾਵੇਗਾ ਕਿਉਂਕਿ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।**

ਵੀਜ਼ਾ ਰਿਆਇਤਾਂ
ਪਰਿਵਾਰਕ ਵੀਜ਼ੇ ਦੇ ਬਿਨੈਕਾਰਾਂ ਲਈ ਰਿਆਇਤਾਂ
ਮਾਪਿਆਂ ਦੇ ਵੀਜ਼ੇ
ਸਪੌਂਸਰ ਕੀਤੇ ਮਾਪਿਆਂ ਦੇ (ਅਸਥਾਈ) (ਉਪ-ਸ਼੍ਰੇਣੀ 870) ਵਾਲੇ ਵੀਜ਼ੇ

---

## ਵੀਜ਼ਾ ਰਿਆਇਤਾਂ

ਜੇ ਤੁਸੀਂ COVID-19 ਮਹਾਂਮਾਰੀ ਦੀਆਂ ਯਾਤਰਾ ਪਾਬੰਦੀਆਂ ਨਾਲ ਪ੍ਰਭਾਵਿਤ ਹੋਏ ਹੋ ਤਾਂ ਤੁਸੀਂ ਰਿਆਇਤ ਲਈ ਯੋਗ ਹੋ ਸਕਦੇ ਹੋ।

COVID-19 ਰਿਆਇਤ ਦੀ ਮਿਆਦ 1 ਫਰਵਰੀ 2020 ਤੋਂ ਇਹਨਾਂ ਲਈ ਸ਼ੁਰੂ ਹੋਈ ਸੀ:

- ਹੁਨਰਮੰਦ ਖੇਤਰੀ (Skilled Regional) (ਉਪ-ਸ਼੍ਰੇਣੀ 887) ਵੀਜ਼ਾ
- ਕਾਰੋਬਾਰੀ ਕਾਢ ਅਤੇ ਨਿਵੇਸ਼ (Business Innovation and Investment) (ਸਥਾਈ)(ਉਪ-ਸ਼੍ਰੇਣੀ 888) ਵੀਜ਼ਾ
- ਕਾਰੋਬਾਰੀ ਕਾਢ ਅਤੇ ਨਿਵੇਸ਼ (Business Innovation and Investment) (ਅਸਥਾਈ)(ਉਪ-ਸ਼੍ਰੇਣੀ 188) ਵੀਜ਼ਾ
- ਸੇਫ ਹੈਵਨ ਇੰਟਰਪ੍ਰਾਈਜ਼ (ਉਪ-ਸ਼੍ਰੇਣੀ 790) ਵੀਜ਼ਾ
- ਆਰਜ਼ੀ ਗਰੈਜੂਏਟ (ਉਪ-ਸ਼੍ਰੇਣੀ 485) ਵੀਜ਼ਾ।

# ਪਰਿਵਾਰਕ ਵੀਜ਼ੇ ਦੇ ਬਿਨੈਕਾਰਾਂ ਲਈ ਰਿਆਇਤਾਂ

## ਜੀਵਨ ਸਾਥੀ ਅਤੇ ਬੱਚਿਆਂ ਦੇ ਵੀਜ਼ੇ

ਜੇ ਤੁਸੀਂ ਹੇਠ ਲਿਖਿਆਂ ਵਾਸਤੇ ਆਸਟ੍ਰੇਲੀਆ ਤੋਂ ਬਾਹਰ ਅਰਜ਼ੀ ਦਿੱਤੀ ਹੈ:

- ਬੱਚੇ ਦਾ (ਉਪ-ਸ਼੍ਰੇਣੀ 101) ਵੀਜ਼ਾ
- ਗੋਦ ਲੈਣ ਦਾ (ਉਪ-ਸ਼੍ਰੇਣੀ 102) ਵੀਜ਼ਾ
- ਸੰਭਾਵਿਤ ਵਿਆਹ (ਉਪ-ਸ਼੍ਰੇਣੀ 300) ਵੀਜ਼ਾ
- ਜੀਵਨ ਸਾਥੀ (ਉਪ-ਸ਼੍ਰੇਣੀ 309) ਵੀਜ਼ਾ

ਅਤੇ

- ਤੁਸੀਂ COVID-19 ਰਿਆਇਤੀ ਮਿਆਦ ਦੌਰਾਨ ਆਸਟ੍ਰੇਲੀਆ ਵਿੱਚ ਹੋ

ਜੇ ਤੁਸੀਂ ਵੀਜ਼ੇ ਦੀਆਂ ਹੋਰ ਸਾਰੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਆਸਟ੍ਰੇਲੀਆ ਵਿੱਚ ਵੀਜ਼ਾ ਦਿੱਤਾ ਜਾ ਸਕਦਾ ਹੈ।

COVID-19 ਰਿਆਇਤ ਦੀ ਮਿਆਦ 1 ਫਰਵਰੀ 2020 ਤੋਂ ਸ਼ੁਰੂ ਹੋਈ ਸੀ ਅਤੇ ਇਹ ਇਕ ਆਰਜ਼ੀ ਵਿਵਸਥਾ ਹੈ। ਇਸ ਬਾਰੇ ਤਾਜ਼ਾ ਜਾਣਕਾਰੀ ਵਾਸਤੇ ਵਾਪਸ ਇੱਥੇ ਵੇਖੋ ਕਿ ਰਿਆਇਤ ਦੀ ਮਿਆਦ ਕਦੋਂ ਖਤਮ ਹੋਵੇਗੀ।

5 ਮਾਰਚ 2022 ਤੋਂ, ਨਿਰਭਰ ਬੱਚੇ ਵਾਲਾ (ਉਪ-ਸ਼੍ਰੇਣੀ 445) ਵੀਜ਼ਾ ਬਿਨੈਕਾਰਾਂ ਨੂੰ ਆਸਟ੍ਰੇਲੀਆ ਦੇ ਅੰਦਰ ਜਾਂ ਬਾਹਰ ਦਿੱਤਾ ਜਾ ਸਕਦਾ ਹੈ, ਭਾਂਵੇਂ ਕਿ ਵੀਜ਼ੇ ਦੀ ਅਰਜ਼ੀ ਕਿਤੇ ਵੀ ਦਾਇਰ ਕੀਤੀ ਗਈ ਹੋਵੇ। ਨਤੀਜੇ ਵਜੋਂ, ਇਹ ਵੀਜ਼ਾ ਉਪ-ਸ਼੍ਰੇਣੀ ਹੁਣ ਹੋਰ ਜ਼ਿਆਦਾ COVID-19 ਰਿਆਇਤੀ ਪ੍ਰਬੰਧਾਂ ਦੇ ਅਧੀਨ ਨਹੀਂ ਆਉਂਦੀ ਹੈ। ਵਧੇਰੇ ਜਾਣਕਾਰੀ ਵਾਸਤੇ, ਨਿਰਭਰ ਬੱਚੇ ਵਾਲਾ ਵੀਜ਼ਾ (ਉਪ-ਸ਼੍ਰੇਣੀ 445) ਵੇਖੋ।

# ਮਾਪਿਆਂ ਦੇ ਵੀਜ਼ੇ

## ਆਸਟ੍ਰੇਲੀਆ ਤੋਂ ਬਾਹਰ ਦਾਇਰ ਕੀਤੀਆਂ ਮਾਪਿਆਂ ਦੇ ਵੀਜ਼ੇ ਵਾਲੀਆਂ ਅਰਜ਼ੀਆਂ

ਜੇ ਤੁਸੀਂ ਹੇਠ ਲਿਖਿਆਂ ਵਾਸਤੇ ਆਸਟ੍ਰੇਲੀਆ ਤੋਂ ਬਾਹਰ ਅਰਜ਼ੀ ਦਿੱਤੀ ਹੈ:

- ਮਾਪਿਆਂ ਦਾ (ਉਪ-ਸ਼੍ਰੇਣੀ 103) ਵੀਜ਼ਾ
- ਮਾਪਿਆਂ ਦਾ ਯੋਗਦਾਨੀ (ਉਪ-ਸ਼੍ਰੇਣੀ 173) ਵੀਜ਼ਾ
- ਮਾਪਿਆਂ ਦਾ ਯੋਗਦਾਨੀ (ਉਪ-ਸ਼੍ਰੇਣੀ 143) ਵੀਜ਼ਾ

ਅਤੇ

- ਤੁਸੀਂ 24 ਮਾਰਚ 2021 ਤੋਂ ਪਹਿਲਾਂ ਵੀਜ਼ੇ ਲਈ ਅਰਜ਼ੀ ਦਿੱਤੀ ਸੀ ਅਤੇ
- ਤੁਸੀਂ 24 ਮਾਰਚ 2021 ਨੂੰ ਆਸਟ੍ਰੇਲੀਆ ਵਿੱਚ ਸੀ

ਤੁਹਾਨੂੰ ਵੀਜ਼ਾ ਦਿੱਤਾ ਜਾ ਸਕਦਾ ਹੈ ਜਦੋਂ ਕਿ ਤੁਸੀਂ ਆਸਟ੍ਰੇਲੀਆ ਵਿੱਚ ਰਹਿ ਰਹੇ ਹੋ ਜੇ ਤੁਸੀਂ COVID-19 ਰਿਆਇਤ ਮਿਆਦ ਦੌਰਾਨ ਹੋਰ ਸਾਰੇ ਵੀਜ਼ਾ ਮਾਪਦੰਡਾਂ ਨੂੰ ਪੂਰਾ ਕਰਦੇ ਹੋ।
ਜੇ ਤੁਸੀਂ ਇਸ ਵੀਜ਼ੇ ਵਾਸਤੇ ਆਸਟ੍ਰੇਲੀਆ ਤੋਂ ਬਾਹਰ ਅਰਜ਼ੀ ਦਿੱਤੀ ਸੀ ਅਤੇ ਤੁਸੀਂ ਵੀਜ਼ੇ ਦੀਆਂ ਸਾਧਾਰਣ ਲੋੜਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਆਸਟ੍ਰੇਲੀਆ ਤੋਂ ਬਾਹਰ (ਵਰਤਮਾਨ ਪ੍ਰਕਿਰਿਆ ਅਨੁਸਾਰ) ਵੀਜ਼ਾ ਦਿੱਤਾ ਜਾ ਸਕੇਗਾ।

## ਆਸਟ੍ਰੇਲੀਆ ਦੇ ਅੰਦਰੋਂ ਦਾਇਰ ਕੀਤੀਆਂ ਮਾਪਿਆਂ ਦੇ ਵੀਜ਼ੇ ਲਈ ਅਰਜ਼ੀਆਂ

ਜੇ ਤੁਸੀਂ ਹੇਠ ਲਿਖਿਆਂ ਵਾਸਤੇ ਆਸਟ੍ਰੇਲੀਆ ਦੇ ਅੰਦਰੋਂ ਅਰਜ਼ੀ ਦਿੱਤੀ ਹੈ:

- ਬਜ਼ੁਰਗ ਮਾਪਿਆਂ ਦਾ (ਉਪ-ਸ਼੍ਰੇਣੀ 804) ਵੀਜ਼ਾ
- ਬਜ਼ੁਰਗ ਮਾਪਿਆਂ ਦਾ ਯੋਗਦਾਨੀ (ਉਪ-ਸ਼੍ਰੇਣੀ 864) ਵੀਜ਼ਾ

ਅਤੇ

- ਤੁਸੀਂ 24 ਮਾਰਚ 2021 ਤੋਂ ਪਹਿਲਾਂ ਵੀਜ਼ੇ ਲਈ ਅਰਜ਼ੀ ਦਿੱਤੀ ਸੀ ਅਤੇ
- ਤੁਸੀਂ 24 ਮਾਰਚ 2021 ਨੂੰ ਆਸਟ੍ਰੇਲੀਆ ਤੋਂ ਬਾਹਰ ਸੀ

ਤੁਹਾਨੂੰ ਵੀਜ਼ਾ ਦਿੱਤਾ ਜਾ ਸਕਦਾ ਹੈ ਜਦੋਂ ਕਿ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਜੇ ਤੁਸੀਂ COVID-19 ਰਿਆਇਤ ਮਿਆਦ ਦੌਰਾਨ ਹੋਰ ਸਾਰੇ ਵੀਜ਼ਾ ਮਾਪਦੰਡਾਂ ਨੂੰ ਪੂਰਾ ਕਰਦੇ ਹੋ।

ਜੇ ਤੁਸੀਂ ਇਸ ਵੀਜ਼ੇ ਵਾਸਤੇ ਆਸਟ੍ਰੇਲੀਆ ਦੇ ਅੰਦਰੋਂ ਅਰਜ਼ੀ ਦਿੱਤੀ ਸੀ ਅਤੇ ਤੁਸੀਂ ਵੀਜ਼ੇ ਦੀਆਂ ਸਾਧਾਰਣ ਲੋੜਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਆਸਟ੍ਰੇਲੀਆ ਦੇ ਅੰਦਰ (ਵਰਤਮਾਨ ਪ੍ਰਕਿਰਿਆ ਅਨੁਸਾਰ) ਵੀਜ਼ਾ ਦਿੱਤਾ ਜਾ ਸਕੇਗਾ।

ਮਾਪਿਆਂ ਦੇ ਵੀਜ਼ੇ ਵਾਲੇ ਬਿਨੈਕਾਰਾਂ ਲਈ COVID-19 ਰਿਆਇਤ ਮਿਆਦ ਦੇ ਦੌਰਾਨ ਅਸਥਾਈ ਰਿਆਇਤਾਂ ਲਾਗੂ ਹੋਣਗੀਆਂ। COVID-19 ਰਿਆਇਤ ਦੀ ਮਿਆਦ 1 ਫਰਵਰੀ 2020 ਤੋਂ ਸ਼ੁਰੂ ਹੋਈ ਸੀ। ਇਹ ਇਕ ਅਸਥਾਈ ਪ੍ਰਬੰਧ ਹੈ। ਇਸ ਬਾਰੇ ਤਾਜ਼ਾ ਜਾਣਕਾਰੀ ਵਾਸਤੇ ਵਾਪਸ ਇੱਥੇ ਵੇਖੋ ਕਿ ਰਿਆਇਤ ਦੀ ਮਿਆਦ ਕਦੋਂ ਖਤਮ ਹੋਵੇਗੀ।

ਇਹ ਸੋਧਾਂ ਮਾਪਿਆਂ ਦੀਆਂ ਵੀਜ਼ਾ ਅਰਜ਼ੀਆਂ ਵਾਸਤੇ ਵਰਤਮਾਨ ਪ੍ਰਕਿਰਿਆ ਦੀਆਂ ਸਮੇਂ ਦੀਆਂ ਸੀਮਾਵਾਂ ਨੂੰ ਪ੍ਰਭਾਵਿਤ ਨਹੀਂ ਕਰਨਗੀਆਂ। ਹੋਰ ਜਾਣਕਾਰੀ ਲਈ, ਵੇਖੋ ਮਾਪਿਆਂ ਦੇ ਵੀਜ਼ੇ ਦੀ ਕਤਾਰ ਦੀਆਂ ਜਾਰੀ ਕਰਨ ਦੀਆਂ ਤਰੀਕਾਂ ਅਤੇ ਪ੍ਰਕਿਰਿਆ ਦੇ ਸਮੇਂ।

## ਮਾਪਿਆਂ ਦੇ ਅਤੇ ਮਾਪਿਆਂ ਦੇ ਯੋਗਦਾਨ ਪਾਉਣ ਵਾਲੇ (ਕੰਟਰੀਬਿਊਟਰੀ) ਵੀਜ਼ੇ ਵਾਲੇ ਬਿਨੈਕਾਰਾਂ ਲਈ ਬ੍ਰਿਜਿੰਗ ਵੀਜ਼ੇ

ਤੁਸੀਂ ਆਪਣੇ ਮਾਪਿਆਂ ਦੇ (ਉਪ-ਸ਼੍ਰੇਣੀ 103), ਮਾਪਿਆਂ ਦੇ ਯੋਗਦਾਨ ਵਾਲੇ (ਕੰਟਰੀਬਿਊਟਰੀ) (ਉਪ-ਸ਼੍ਰੇਣੀ 143) ਜਾਂ ਮਾਪਿਆਂ ਦੇ ਯੋਗਦਾਨ ਵਾਲੇ (ਕੰਟਰੀਬਿਊਟਰੀ) (ਅਸਥਾਈ) (ਉਪ-ਸ਼੍ਰੇਣੀ 173) ਵੀਜ਼ਾ ਅਰਜ਼ੀ ਦੇ ਸਹਿਯੋਗ ਨਾਲ ਉਸ ਮਿਆਦ ਦੇ ਦੌਰਾਨ ਬ੍ਰਿਜਿੰਗ ਵੀਜ਼ੇ ਦੀ ਮਨਜ਼ੂਰੀ ਲਈ ਯੋਗ ਹੋ ਸਕਦੇ ਹੋ ਜਿਸ ਵਿੱਚ COVID-19 ਰਿਆਇਤਾਂ ਲਾਗੂ ਹਨ, ਜੇਕਰ ਇਹ ਸਾਰੇ ਮਾਪਦੰਡ ਪੂਰੇ ਹੋ ਜਾਂਦੇ ਹਨ:

- ਤੁਸੀਂ 24 ਮਾਰਚ 2021 ਤੋਂ ਪਹਿਲਾਂ ਆਪਣੀ ਮਾਪਿਆਂ ਦੇ ਜਾਂ ਮਾਪਿਆਂ ਦੇ ਯੋਗਦਾਨ ਵਾਲੇ (ਕੰਟਰੀਬਿਊਟਰੀ) ਵੀਜ਼ੇ ਲਈ ਅਰਜ਼ੀ ਦਾਇਰ ਕੀਤੀ ਸੀ
- ਵੀਜ਼ੇ ਵਾਲੀ ਅਰਜ਼ੀ ਆਸਟ੍ਰੇਲੀਆ ਵਿੱਚ ਦਾਇਰ ਕੀਤੀ ਗਈ ਸੀ
- ਤੁਸੀਂ 24 ਮਾਰਚ 2021 ਨੂੰ ਆਸਟ੍ਰੇਲੀਆ ਵਿੱਚ ਸੀ
- ਵੀਜ਼ਾ ਅਰਜ਼ੀ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ।

ਬ੍ਰਿਜਿੰਗ ਵੀਜ਼ੇ ਦੀ ਉਪ-ਸ਼੍ਰੇਣੀ ਜਿਸ ਵਾਸਤੇ ਤੁਸੀਂ ਯੋਗ ਹੋ ਸਕਦੇ ਹੋ, ਉਹ ਉਸ ਸਮੇਂ ਤੁਹਾਡੇ ਹਾਲਾਤਾਂ 'ਤੇ ਨਿਰਭਰ ਕਰਦੀ ਹੈ ਜਦੋਂ ਤੁਹਾਡੀ ਮਾਪਿਆਂ ਦੇ ਜਾਂ ਮਾਪਿਆਂ ਦੇ ਯੋਗਦਾਨ ਵਾਲੇ (ਕੰਟਰੀਬਿਊਟਰੀ) ਵੀਜ਼ੇ ਲਈ ਅਰਜ਼ੀ ਦਿੱਤੀ ਗਈ ਸੀ।

ਜੇ ਤੁਹਾਡੇ ਕੋਲ ਉਸ ਸਮੇਂ ਕੋਈ ਅਸਲੀ ਵੀਜ਼ਾ ਸੀ, ਜਦੋਂ ਤੁਸੀਂ ਆਪਣੀ ਵੀਜ਼ੇ ਵਾਲੀ ਅਰਜ਼ੀ ਦਿੱਤੀ ਸੀ, ਤਾਂ ਤੁਸੀਂ ਬ੍ਰਿਜਿੰਗ ਵੀਜ਼ਾ A - BVA - (ਉਪ-ਸ਼੍ਰੇਣੀ 010) ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ।

ਜੇ ਤੁਹਾਡੇ ਕੋਲ ਉਸ ਸਮੇਂ ਕੋਈ ਅਸਲੀ ਵੀਜ਼ਾ ਨਹੀਂ ਸੀ, ਜਦੋਂ ਤੁਸੀਂ ਆਪਣੀ ਵੀਜ਼ਾ ਅਰਜ਼ੀ ਦਿੱਤੀ ਸੀ, ਤਾਂ ਤੁਸੀਂ BVA ਲਈ ਯੋਗ ਨਹੀਂ ਹੋਵੋਗੇ। ਤੁਸੀਂ ਬ੍ਰਿਜਿੰਗ ਵੀਜ਼ਾ E - BVE - (ਉਪ-ਸ਼੍ਰੇਣੀ 050) ਲਈ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਹੋ ਸਕਦੇ ਹੋ।

ਜੇ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਕਿਸੇ ਦਫਤਰ ਵਿਖੇ ਮਾਪਿਆਂ ਦੀ ਜਾਂ ਮਾਪਿਆਂ ਦੇ ਯੋਗਦਾਨ ਵਾਲੇ (ਕੰਟਰੀਬਿਊਟਰੀ) ਵੀਜ਼ੇ ਵਾਸਤੇ ਕੋਈ ਕਾਗਜ਼ੀ ਅਰਜ਼ੀ ਦਾਇਰ ਕੀਤੀ ਸੀ, ਤਾਂ ਤੁਸੀਂ ਆਪਣੀ ਵੀਜ਼ਾ ਅਰਜ਼ੀ ਦੇ ਨਾਲ ਮਿਲਕੇ ਬ੍ਰਿਜਿੰਗ ਵੀਜ਼ਾ ਦੀ ਮਨਜ਼ੂਰੀ ਵਾਸਤੇ ਮਾਪਦੰਡਾਂ ਦੀ ਪੂਰਤੀ ਨਹੀਂ ਕਰੋਗੇ।

ਜੇ ਤੁਸੀਂ ਬ੍ਰਿਜਿੰਗ ਵੀਜ਼ੇ ਵਾਸਤੇ ਅਰਜ਼ੀ ਦੇਣ ਦੀ ਇੱਛਾ ਕਰਦੇ ਹੋ, ਤਾਂ ਭਰਿਆ ਹੋਇਆ ਫਾਰਮ 1005 WA ਦੇ ਮਾਪਿਆਂ ਦੇ ਵੀਜ਼ਾ ਸੈਂਟਰ ਵਿਖੇ ਡਾਕ ਰਾਹੀਂ ਭੇਜੋ। ਭਰੇ ਹੋਏ ਫਾਰਮ ਨੂੰ ਈਮੇਲ ਨਾ ਕਰੋ। ਈਮੇਲ ਦੁਆਰਾ ਪ੍ਰਾਪਤ ਕੀਤਾ ਕੋਈ ਵੀ ਫਾਰਮ 1005 ਅਵੈਧ ਅਰਜ਼ੀ ਹੋਵੇਗੀ ਅਤੇ ਇਸ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ।

## ਸਪੌਂਸਰ ਕੀਤੇ ਮਾਪਿਆਂ (ਅਸਥਾਈ) (ਉਪ-ਸ਼੍ਰੇਣੀ 870) ਦੇ ਵੀਜ਼ੇ

ਜੇ ਤੁਹਾਡੇ ਕੋਲ ਸਪੌਂਸਰ ਕੀਤੇ ਮਾਪਿਆਂ (ਅਸਥਾਈ) (ਸਬਕਲਾਸ 870) ਵਾਲਾ ਵੀਜ਼ਾ (SPTV) ਹੈ ਅਤੇ 1 ਜੁਲਾਈ 2021 ਨੂੰ ਆਸਟ੍ਰੇਲੀਆ ਤੋਂ ਬਾਹਰ ਸੀ, ਤਾਂ ਤੁਹਾਡੀ ਵੀਜ਼ਾ ਮਿਆਦ ਨੂੰ ਆਪਣੇ ਆਪ 18 ਮਹੀਨਿਆਂ ਲਈ ਵਧਾ ਦਿੱਤਾ ਗਿਆ ਹੈ।

ਇਸ ਰਿਆਇਤ ਦਾ ਉਦੇਸ਼ SPTV ਧਾਰਕਾਂ ਦੀ ਸਹਾਇਤਾ ਕਰਨਾ ਹੈ, ਜੋ COVID-19 ਯਾਤਰਾ ਪਾਬੰਦੀਆਂ ਕਾਰਨ ਆਪਣੇ ਵੀਜ਼ੇ ਉੱਤੇ ਆਸਟ੍ਰੇਲੀਆ ਵਿੱਚ ਪੂਰੇ 3 ਜਾਂ 5 ਸਾਲ ਨਹੀਂ ਬਿਤਾ ਸਕੇ।

ਜੇ ਇਸ ਰਿਆਇਤ ਦੇ ਅਧੀਨ ਤੁਹਾਡਾ ਵੀਜ਼ਾ ਵਧਾਇਆ ਗਿਆ ਸੀ, ਤਾਂ ਵਾਧੂ 18 ਮਹੀਨੇ ਤੁਹਾਡੀ ਕੁੱਲ 10 ਸਾਲ ਦੀ ਵੱਧ ਤੋਂ ਵੱਧ ਠਹਿਰਾਓ ਦੀ ਮਿਆਦ ਵੱਲ ਨਹੀਂ ਗਿਣੇ ਜਾਣਗੇ।

SPTV ਸਪੌਂਸਰਾਂ ਲਈ ਰਾਹਦਾਰੀ (ਸਪੌਂਸਰਸ਼ਿਪ) ਦੀਆਂ ਜ਼ਿੰਮੇਵਾਰੀਆਂ ਨੂੰ ਵੀ ਉਹਨਾਂ 18 ਮਹੀਨਿਆਂ ਦੀ ਮਿਆਦ ਲਈ ਵਧਾਇਆ ਗਿਆ ਹੈ।
ਤੁਸੀਂ VEVO ਦੀ ਵਰਤੋਂ ਕਰਕੇ ਆਪਣੇ ਵੀਜ਼ੇ ਦੇ ਵੇਰਵਿਆਂ ਅਤੇ ਸ਼ਰਤਾਂ ਦੀ ਜਾਂਚ ਕਰ ਸਕਦੇ ਹੋ।